ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਸਿਵਲ ਹਸਪਤਾਲ ਦਾ ਦੌਰਾ

ਲੁਧਿਆਣਾ, 1 ਫਰਵਰੀ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਸਥਾਨਕ ਸਿਵਲ ਹਸਪਤਾਲ ਵਿਖੇ ਐਮਰਜੈਂਸੀ ਵਾਰਡ, ਮੈਡੀਕਲ ਸਟੋਰ ਦਾ ਦੌਰਾ ਕੀਤਾ ਅਤੇ ਡਾਕਟਰਾਂ, ਸਟਾਫ਼, ਮਰੀਜਾਂ ਨਾਲ ਗੱਲਬਾਤ ਕਰਦਿਆਂ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ।

ਸਿਵਲ ਸਰਜਨ ਡਾ. ਜਸਵੀਰ ਸਿੰਘ ਔਲਖ, ਐਸ.ਐਮ.ਓਜ਼ ਅਤੇ ਹੋਰ ਡਾਕਟਰਾਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿਹਤ ਢਾਂਚੇ ਦਾ ਸੁਧਾਰ ਕਰਕੇ ਮਰੀਜਾਂ ਨੂੰ ਮਿਆਰੀ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਅਤੇ ਜ਼ਰੂਰੀ, ਗੈਰ ਜ਼ਰੂਰੀ ਦਵਾਈਆਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਸਿਵਲ ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਨਵੇਂ ਖਰੀਦ ਆਰਡਰ ਦਿੱਤੇ ਗਏ ਹਨ ਅਤੇ ਕੁਝ ਦਿਨਾਂ ਵਿੱਚ ਸਾਰੀਆਂ ਦਵਾਈਆਂ ਇੱਥੇ ਉਪਲੱਬਧ ਕਰਵਾ ਦਿੱਤੀਆਂ ਜਾਣਗੀਆਂ।

ਬਾਅਦ ਵਿੱਚ ਡਿਪਟੀ ਕਮਿਸ਼ਨਰ ਨੇ ਸਿਵਲ ਹਸਪਤਾਲ ਵਿੱਚ ਦਵਾਈਆਂ ਦੇ ਸਟੋਰ ਦਾ ਮੁਆਇਨਾ ਕੀਤਾ ਅਤੇ ਦਵਾਈਆਂ ਦੀ ਢੁਕਵੀਂ ਸਟੋਰੇਜ ਲਈ ਜਗ੍ਹਾ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਮਰੀਜ਼ ਨੂੰ ਇੱਥੇ ਸੇਵਾਵਾਂ ਲੈਣ ਲਈ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਕਿਉਂਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਸਿਹਤ ਖੇਤਰ ਹੈ।

ਬਾਅਦ ਵਿੱਚ ਡਿਪਟੀ ਕਮਿਸ਼ਨਰ ਸਾਹਨੀ ਨੇ ਹਸਪਤਾਲ ਦੇ ਐਮਰਜੈਂਸੀ ਵਾਰਡ ਦਾ ਵੀ ਦੌਰਾ ਕੀਤਾ ਅਤੇ ਉੱਥੇ ਦਾਖਲ ਮਰੀਜ਼ਾਂ ਤੋਂ ਫੀਡਬੈਕ ਲਿਆ। ਉਨ੍ਹਾਂ ਉਥੇ ਡਾਕਟਰਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਈ-ਪੰਚਾਇਤ ਯੂਨੀਅਨ ਨੇ ਹੜਤਾਲ ਬਾਰੇ ਸਰਪੰਚ ਯੂਨੀਅਨ ਨੇ ਕੀਤੀ ਗੱਲਬਾਤ

ਜਗਰਾਉਂ, 1 ਫਰਵਰੀ (ਅੰਕੁਸ਼ ਸਹਿਜਪਾਲ): ਸਰਪੰਚ ਯੂਨੀਅਨ, ਪੰਜਾਬ ਦੇ ਪ੍ਰਧਾਨ ਅਤੇ ਮੈਂਬਰਾਂ ਵੱਲੋਂ ਈ-ਪੰਚਾਇਤ ਯੂਨੀਅਨ, ਪੰਜਾਬ ਦੇ ਪ੍ਰਧਾਨ ਨਾਲ ਉਹਨਾਂ ਵੱਲੋਂ ਪਿਛਲੇ 10 ਦਿਨਾਂ ਤੋਂ ਕੀਤੀ ਹੜਤਾਲ ਬਾਰੇ ਗੱਲ ਕੀਤੀ ਗਈ। ਈ-ਪੰਚਾਇਤ ਯੂਨੀਅਨ, ਪੰਜਾਬ ਦੇ ਪ੍ਰਧਾਨ ਵੱਲੋਂ ਦੱਸਿਆ ਗਿਆ ਕਿ ਕੰਪਿਊਟਰ ਆਪਰੇਟਰ ਦੀ ਤਨਖਾਹ ਬਹੁਤ ਹੀ ਘੱਟ ਹੈ। ਜਿਸ ਵਿੱਚ ਪਰਿਵਾਰ ਦਾ ਗੁਜ਼ਾਰਾ ਕਰਨਾ ਬਹੁਤ ਮੁਸ਼ਕਿਲ ਹੈ। ਇਸ ਸਬੰਧੀ ਵਿਭਾਗ ਨਾਲ ਪਹਿਲਾਂ ਵੀ ਬਹੁਤ ਵਾਰ ਗੱਲਬਾਤ ਕੀਤੀ ਗਈ। ਪ੍ਰੰਤੂ ਵਿਭਾਗ ਵੱਲੋਂ ਕੋਈ ਹੱਲ ਨਹੀਂ ਕੀਤਾ ਗਿਆ। ਸਾਨੂੰ ਮਜਬੂਰ ਹੋ ਕੇ ਹੜਤਾਲ ਕਰਨ ਦੇ ਰਸਤੇ 'ਤੇ ਤੁਰਨਾ ਪਿਆ। ਸਰਪੰਚ ਯੂਨੀਅਨ ਦੇ ਪ੍ਰਧਾਨ ਅਤੇ ਕਮੇਟੀ ਮੈਂਬਰਾਂ ਵੱਲੋਂ ਸਾਰੀ ਗੱਲਬਾਤ ਸੁਣਨ ਉਪਰੰਤ ਈ-ਪੰਚਾਇਤ ਯੂਨੀਅਨ ਪੰਜਾਬ ਦਾ ਸਮਰਥਨ ਕਰਨ ਦਾ ਫ਼ੈਸਲਾ ਲਿਆ ਗਿਆ। ਸਰਪੰਚ ਯੂਨੀਅਨ ਦੇ ਪ੍ਰਧਾਨ ਵੱਲੋਂ ਦੱਸਿਆ ਗਿਆ ਕਿ ਸਾਡੇ ਸਾਰੇ ਕੰਮ ਅਤੇ ਗਰਾਮ ਪੰਚਾਇਤ ਵਿੱਚ ਜੋ ਵੀ ਵਿਕਾਸ ਕਾਰਜ ਕਰਵਾਏ ਜਾਂਦੇ ਹਨ ਉਹਨਾਂ ਦੀ ਪੇਮੈਂਟ ਵੀ ਈ-ਪੰਚਾਇਤ ਆਪਰੇਟਰ ਵੱਲੋਂ ਹੀ ਕੀਤੀ ਜਾਂਦੀ ਹੈ। ਇਹਨਾਂ ਦੀ ਹੜਤਾਲ ਕਾਰਨ ਸਾਡੇ ਵਿਕਾਸ ਕਾਰਜਾਂ 'ਤੇ ਬਹੁਤ ਅਸਰ ਪੈ ਰਿਹਾ ਹੈ। ਇਸ ਲਈ ਇਹਨਾਂ ਦੀ ਮੰਗਾਂ ਨੂੰ ਤੁਰੰਤ ਪੂਰਾ ਕੀਤਾ ਜਾਵੇ।

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵਿਭਾਗਾਂ ਨੂੰ ਸਾਰੇ ਕਰਮਚਾਰੀਆਂ ਦੀ ਸੂਚੀ ਜਮ੍ਹਾਂ ਕਰਵਾਉਣ ਦੇ ਨਿਰਦੇਸ਼

ਲੁਧਿਆਣਾ, 1 ਫਰਵਰੀ (ਵਿਸ਼ਾਲ ਸ਼ਰਮਾ): ਵਧੀਕ ਡਿਪਟੀ ਕਮਿਸ਼ਨਰ (ਜਗਰਾਉਂ) ਮੇਜਰ ਅਮਿਤ ਸਰੀਨ ਵਲੋਂ ਆਗਾਮੀ ਲੋਕ ਸਭਾ ਚੋਣਾਂ ਲਈ ਜ਼ਿਲ੍ਹੇ ਵਿੱਚ ਚੋਣ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਸਾਰੇ ਵਿਭਾਗਾਂ ਨੂੰ ਡੀ.ਆਈ.ਐਸ.ਈ. ਕੈਪਸੂਲ ਸਾਫਟਵੇਅਰ ਵਿੱਚ ਕਰਮਚਾਰੀਆਂ ਦੇ ਵੇਰਵੇ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ। ਸਾਰੇ ਵਿਭਾਗਾਂ ਦੀ ਮੀਟਿੰਗ ਵਿੱਚ ਭਾਗ ਲੈਂਦਿਆਂ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਆਗਾਮੀ ਲੋਕ ਸਭਾ ਚੋਣਾਂ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਵਿਭਾਗਾਂ ਵਿੱਚ ਤਾਇਨਾਤ ਅਧਿਕਾਰੀਆਂ/ਕਰਮਚਾਰੀਆਂ ਦਾ ਰਿਕਾਰਡ ਜਲਦ ਤੋਂ ਜਲਦ ਤਿਆਰ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੇ ਸਟਾਫ਼ ਦੀ ਦਰੁਸਤ ਸੂਚੀ ਸਮੇਂ ਸਿਰ ਜਮ੍ਹਾਂ ਕਰਵਾਉਣ। ਵਿਭਾਗਾਂ ਤੋਂ ਇਕੱਤਰ ਕੀਤੇ ਗਏ ਡੇਟਾ ਦੀ ਵਰਤੋਂ ਚੋਣਾਂ ਲਈ ਪ੍ਰੀਜ਼ਾਈਡਿੰਗ ਅਫਸਰਾਂ, ਮਾਈਕ੍ਰੋ ਅਬਜ਼ਰਵਰਾਂ ਅਤੇ ਹੋਰ ਚੋਣ ਡਿਊਟੀਆਂ ਦੀ ਨਿਯੁਕਤੀ ਲਈ ਕੀਤੀ ਜਾਵੇਗੀ।

ਮੇਜਰ ਸਰੀਨ ਨੇ ਕਿਹਾ ਕਿ ਚੋਣਾਂ ਦੇ ਐਲਾਨ ਤੋਂ ਬਾਅਦ ਆਦਰਸ਼ ਚੋਣ ਜ਼ਾਬਤਾ ਲਾਗੂ ਹੁੰਦੇ ਹੀ ਚੋਣ ਪ੍ਰਕਿਰਿਆ ਸ਼ੁਰੂ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਨਿਰਵਿਘਨ, ਸੁਚਾਰੂ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਲਈ ਲਗਭਗ 15000-16000 ਕਰਮਚਾਰੀਆਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹਰ ਸਰਕਾਰੀ ਮੁਲਾਜ਼ਮ ਦਾ ਫਰਜ਼ ਬਣਦਾ ਹੈ ਕਿ ਉਹ ਚੋਣ ਡਿਊਟੀ ਨਿਭਾਉਣ।

ਵਧੀਕ ਡਿਪਟੀ ਕਮਿਸ਼ਨਰ ਸਰੀਨ ਨੇ ਅੱਗੇ ਕਿਹਾ, ਹਰ ਕੇਂਦਰ/ਰਾਜ ਸਰਕਾਰ ਦੇ ਵਿਭਾਗ, ਜਨਤਕ ਸੇਵਾ ਅਦਾਰਿਆਂ ਦੇ ਨਾਲ, ਚੋਣਾਂ ਲਈ ਜਾਣਕਾਰੀ ਦੇਣੀ ਲਾਜ਼ਮੀ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਹਰੇਕ ਵਿਭਾਗ ਨੂੰ ਆਪਣੇ ਕਰਮਚਾਰੀਆਂ ਬਾਰੇ ਸਹੀ ਅਤੇ ਵਿਸਤ੍ਰਿਤ ਜਾਣਕਾਰੀ ਜ਼ਰੂਰ ਜਮ੍ਹਾਂ ਕਰਵਾਉਣੀ ਚਾਹੀਦੀ ਹੈ, ਜਿਸ ਦੀ ਪ੍ਰਸ਼ਾਸਨ ਵੱਲੋਂ ਜਾਂਚ ਕੀਤੀ ਜਾਵੇਗੀ। ਅੰਕੜਿਆਂ ਦੀ ਸਮੀਖਿਆ ਕਰਨ ਤੋਂ ਬਾਅਦ, ਪ੍ਰਸ਼ਾਸਨ ਚੋਣਾਂ ਲਈ ਡਿਊਟੀਆਂ ਸੌਂਪੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਮੁਲਾਜ਼ਮਾਂ ਬਾਰੇ ਜਾਣਕਾਰੀ ਛੁਪਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਚੋਣ ਤਹਿਸੀਲਦਾਰ ਅਮਨਦੀਪ ਸਿੰਘ, ਡੀ.ਆਈ.ਓ. ਨੀਰਜ ਗਰਗ ਵੀ ਹਾਜ਼ਰ ਸਨ।

ਪੰਜਾਬ ਬਚਾਓ ਯਾਤਰਾ ਦਾ ਹਲਕਾ ਰਾਜਾਸਾਂਸੀ ਦੇ ਪਿੰਡਾਂ 'ਚ ਭਰਵਾਂ ਸਵਾਗਤ

ਚੋਗਾਵਾਂ, 1 ਫਰਵਰੀ (ਸੁਖੇਗ ਸਿੰਘ ਸੋਨਾ): ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਵੱਲੋਂ ਪੰਜਾਬ ਬਚਾਓ ਯਾਤਰਾ ਦਾ ਹਲਕਾ ਰਾਜਾਸਾਂਸੀ ਦੇ ਪਿੰਡ ਵਣੀਏਕੇ ਤੇ ਚੋਗਾਵਾਂ ਵਿਖੇ ਪਹੁੰਚਣ 'ਤੇ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਜਥੇਦਾਰ ਵੀਰ ਸਿੰਘ ਲੋਪੋਕੇ, ਯੂਥ ਆਗੂ ਰਾਣਾ ਰਣਬੀਰ ਸਿੰਘ ਲੋਪੋਕੇ, ਦਿਹਾਤੀ ਪ੍ਰਧਾਨ ਰਾਜਵਿੰਦਰ ਰਾਜਾ ਲਦੇਹ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਸਾਬਕਾ ਸਰਪੰਚ ਜਤਿੰਦਰ ਸਿੰਘ ਕਾਲਾ ਚੋਗਾਵਾਂ, ਡਾ. ਸੋਨੂ ਚੋਗਾਵਾਂ, ਸ਼ਮਸ਼ੇਰ ਸਿੰਘ ਨੰਬਰਦਾਰ, ਭੁਪਿੰਦਰ ਸਿੰਘ ਨੰਬਰਦਾਰ ਸਰਕਲ, ਪ੍ਰਧਾਨ ਰੇਸ਼ਮ ਸਿੰਘ ਕੋਟਲੀ ਸਮੇਤ ਵੱਡੀ ਗਿਣਤੀ ਵਿੱਚ ਅਕਾਲੀ ਵਰਕਰਾਂ ਨੇ ਫੁੱਲਾਂ ਦੀ ਵਰਖਾ ਕਰਕੇ ਗਰਮ ਜੋਸ਼ੀ ਨਾਲ ਨਿੱਘਾ ਸਵਾਗਤ ਕੀਤਾ। ਪੰਜਾਬ ਬਚਾਓ ਯਾਤਰਾ ਦੀ ਅਗਵਾਈ ਕਰ ਰਹੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਕਾਫਲੇ ਨਾਲ ਪਿੰਡ ਵਣੀਏਕੇ ਤੇ ਚੋਗਾਵਾਂ ਤੋਂ ਲੋਪੋਕੇ ਦੀ ਅਗਵਾਈ 'ਚ ਸੈਂਕੜੇ ਵਰਕਰ ਜੈਕਾਰਿਆਂ ਦੀ ਗੂੰਜ 'ਚ ਟਰੈਕਟਰ, ਮੋਟਰਸਾਈਕਲਾ 'ਤੇ ਅਗਲੇ ਪੜਾਅ ਲਈ ਰਵਾਨਾ ਹੋਏ। ਇਸ ਮੌਕੇ ਜਥੇਦਾਰ ਵੀਰ ਸਿੰਘ ਲੋਪੋਕੇ, ਰਾਣਾ ਲੋਪੋਕੇ, ਸਾਬਕਾ ਸਰਪੰਚ ਜਤਿੰਦਰ ਸਿੰਘ ਕਾਲਾ, ਸੋਨੂ ਚੋਗਾਵਾਂ ਤੇ ਸਮੂਹ ਨਗਰ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਨਮਾਨਿਤ ਕੀਤਾ ਗਿਆ।

ਵਿਧਾਇਕ ਪਰਾਸ਼ਰ ਨੇ ਕੇਂਦਰੀ ਹਲਕੇ ਦੇ ਵੱਖ-ਵੱਖ ਵਾਰਡਾਂ ਵਿੱਚ 1.30 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ

ਲੁਧਿਆਣਾ, 1 ਫਰਵਰੀ (ਵਿਸ਼ਾਲ ਸ਼ਰਮਾ): ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਵੀਰਵਾਰ ਨੂੰ ਹਲਕੇ ਦੇ ਵੱਖ-ਵੱਖ ਵਾਰਡਾਂ ਵਿੱਚ ਕਰੀਬ 1.30 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਇਨ੍ਹਾਂ ਵਿੱਚ ਬਾਬਾ ਥਾਨ ਸਿੰਘ ਚੌਕ ਤੋਂ ਸਮਰਾਲਾ ਚੌਕ ਤੱਕ ਮੁੱਖ ਸੜਕ 'ਤੇ ਕੇਂਦਰੀ ਕਿਨਾਰਾ ਬਣਾਉਣ ਦਾ ਪ੍ਰਾਜੈਕਟ ਵੀ ਸ਼ਾਮਲ ਹੈ। ਇਹ ਪ੍ਰੋਜੈਕਟ ਲਗਭਗ 96.30 ਲੱਖ ਰੁਪਏ ਦੀ ਲਾਗਤ ਨਾਲ ਲਿਆ ਜਾ ਰਿਹਾ ਹੈ। ਵਿਧਾਇਕ ਪਰਾਸ਼ਰ ਨੇ ਬਰਾਊਨ ਰੋਡ (ਨੇੜੇ ਡਵੀਜ਼ਨ ਨੰਬਰ 2 ਪੁਲਿਸ ਸਟੇਸ਼ਨ) ਅਤੇ ਸਰਕੂਲਰ ਰੋਡ (ਮਾਧੋਪੁਰੀ) 'ਤੇ ਟਿਊਬਵੈੱਲ ਲਗਾਉਣ ਲਈ ਦੋ ਪ੍ਰੋਜੈਕਟਾਂ ਦੀ ਸ਼ੁਰੂਆਤ ਵੀ ਕੀਤੀ। ਇਸ ਤੋਂ ਇਲਾਵਾ ਵਿਧਾਇਕ ਨੇ ਘਾਟੀ ਮੁਹੱਲਾ ਅਤੇ ਕਲਿਆਣ ਨਗਰ (ਨੇੜੇ ਕਮਲਾ ਲੋਹਟੀਆ ਕਾਲਜ) ਵਿੱਚ ਲਗਾਏ ਗਏ ਦੋ ਟਿਊਬਵੈੱਲਾਂ ਦਾ ਉਦਘਾਟਨ ਵੀ ਕੀਤਾ। ਇਨ੍ਹਾਂ ਚਾਰਾਂ ਪ੍ਰਾਜੈਕਟਾਂ ਦੀ ਕੁੱਲ ਲਾਗਤ ਲਗਭਗ 34 ਲੱਖ ਰੁਪਏ ਹੈ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਹਲਕਾ ਲੁਧਿਆਣਾ ਸੈਂਟਰਲ ਵਿੱਚ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਇਨ੍ਹਾਂ ਟਿਊਬਵੈੱਲਾਂ ਦੀ ਸਥਾਪਨਾ ਨਾਲ ਇਨ੍ਹਾਂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਇਆ ਜਾਵੇਗਾ। ਬਾਬਾ ਥਾਨ ਸਿੰਘ ਚੌਕ ਤੋਂ ਸਮਰਾਲਾ ਚੌਕ ਤੱਕ ਕੇਂਦਰੀ ਕਿਨਾਰਾ ਬਣਾਉਣ ਦਾ ਪ੍ਰੋਜੈਕਟ ਨਾ ਸਿਰਫ ਇਲਾਕੇ ਦੀ ਆਵਾਜਾਈ ਨੂੰ ਸੁਚਾਰੂ ਬਣਾਏਗਾ ਸਗੋਂ ਸੁੰਦਰੀਕਰਨ ਵਿੱਚ ਵੀ ਸਹਾਈ ਹੋਵੇਗਾ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਕੰਮ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਲੁਧਿਆਣਾ ਕੇਂਦਰੀ ਹਲਕੇ ਵਿੱਚ ਕਰੋੜਾਂ ਰੁਪਏ ਦੇ ਹੋਰ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ।

ਕੋਟਕ ਮਹਿੰਦਰਾ ਬੈਂਕ ਲਿਮਟਿਡ

ਆਨਲਾਈਨ ਈ ਨਿਲਾਮੀ ਰਾਹੀਂ ਦੀ ਵਿਕਰੀ

ਰਜਿਸਟਰਡ ਦਫ਼ਤਰ : 27 ਬੀਕੇਸੀ, ਸੀ-27, ਜੀ ਬਲਾਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051

ਸ਼ਾਖਾ ਦਫ਼ਤਰ : [illegible], ਦੂਜੀ ਮੰਜ਼ਿਲ, ਐਸਸੀਓ 153-154-155 [illegible], ਚੰਡੀਗੜ੍ਹ-160009

ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਨਿਯਮ 8 (5) ਦੇ ਅਧੀਨ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ। [illegible] 07.06.2023 [illegible] ਐਲਏਐਮ/0213/ਐਲ/17/100065 [illegible] 31.01.2024 [illegible] 30.01.2024 ਦੇ ਅਨੁਸਾਰ ਰੁ. 5,68,924/- [illegible] 23.02.2024 ਨੂੰ ਦੁਪਹਿਰ 12.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਾਲੇ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਰੁ. 4,50,000/- [illegible] ਰੁ. 45,000/- [illegible] 22.02.2024 ਨੂੰ ਸ਼ਾਮ 06.00 ਵਜੇ [illegible] ਪਲਾਟ ਨੰ. 39, ਖਸਰਾ ਨੰ. 1726 [illegible] ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ ਪਿੰਨ-143001 [illegible] ਸੜਕ 20' ਚੌੜੀ [illegible] ਪਲਾਟ ਨੰ. 40 (ਮਾਪਿਆ 11'-5"), [illegible] (ਮਾਪਿਆ 11'-5"), [illegible] ਸੰਪੱਤੀ ਨੰ. 39 ਦਾ ਹਿੱਸਾ (ਮਾਪਿਆ 39'-7") [illegible] ਧਾਰਾ 13 ਦੀ ਉਪ ਧਾਰਾ 8 [illegible] (+91 9716686150 ਅਤੇ 9115996497), [illegible] (+91 7302111608), [illegible] (+91 9463227690), [illegible] (+91 9883999074) ਅਤੇ [illegible] (+91 8448264515) [illegible] www.kotak.com ਅਤੇ/ਜਾਂ https://bankauctions.in/ ਵਿਚ ਦਿੱਤੇ ਲਿੰਕ https://www.kotak.com/en/bank-auctions.html ਦਾ ਹਵਾਲਾ ਲਓ।

ਸਥਾਨ : ਅੰਮ੍ਰਿਤਸਰ ਮਿਤੀ : 02.02.24 ਵਾਸਤੇ ਕੋਟਕ ਮਹਿੰਦਰਾ ਬੈਂਕ ਲਿਮ., ਅਧਿਕਾਰਤ ਅਧਿਕਾਰੀ

ਕੋਟਕ ਮਹਿੰਦਰਾ ਬੈਂਕ ਲਿਮਟਿਡ

ਆਨਲਾਈਨ ਈ ਨਿਲਾਮੀ ਰਾਹੀਂ ਦੀ ਵਿਕਰੀ

ਰਜਿਸਟਰਡ ਦਫ਼ਤਰ : 27 ਬੀਕੇਸੀ, ਸੀ-27, ਜੀ ਬਲਾਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ-400051

ਸ਼ਾਖਾ ਦਫ਼ਤਰ : [illegible], ਦੂਜੀ ਮੰਜ਼ਿਲ, ਐਸਸੀਓ 153-154-155 [illegible], ਚੰਡੀਗੜ੍ਹ-160009

ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਨਿਯਮ 8 (5) ਦੇ ਅਧੀਨ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

[illegible] 12.10.2023 [illegible] 5810400000060 [illegible] 30.01.2024 [illegible] 29.01.2024 ਦੇ ਅਨੁਸਾਰ ਰੁ. 13,39,923/- [illegible] 06.03.2024 ਨੂੰ ਦੁਪਹਿਰ 12.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਾਲੇ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਰੁ. 8,00,000/- [illegible] ਰੁ. 80,000/- [illegible] 05.03.2024 ਨੂੰ ਸ਼ਾਮ 06.00 ਵਜੇ [illegible] 11630 ਮਿਤੀ 22.01.1996 [illegible] 1989-1990 [illegible] 218/319 [illegible] 1999-2000 [illegible] 2014/325 [illegible] ਬੀ-21-15377/1 [illegible] ਮਾਪ 24', [illegible] ਮਾਪ 15', [illegible] ਮਾਪ 24', [illegible] ਮਾਪ 15'।

[illegible] ਧਾਰਾ 13 ਦੀ ਉਪ ਧਾਰਾ 8 [illegible] (+91 9716686150 ਅਤੇ 9115996497), [illegible] (+91 9463227690, +91 9152219751), [illegible] (+91 7302111608), [illegible] (+91 9883999074) ਅਤੇ [illegible] (+91 8448264515) [illegible] www.kotak.com ਅਤੇ/ਜਾਂ https://bankauctions.in/ ਵਿਚ ਦਿੱਤੇ ਲਿੰਕ https://www.kotak.com/en/bank-auctions.html ਦਾ ਹਵਾਲਾ ਲਓ।

ਸਥਾਨ : ਲੁਧਿਆਣਾ ਮਿਤੀ : 02.02.24 ਵਾਸਤੇ ਕੋਟਕ ਮਹਿੰਦਰਾ ਬੈਂਕ ਲਿਮ., ਅਧਿਕਾਰਤ ਅਧਿਕਾਰੀ

ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਅਤੇ ਜੁਰਮ ਦਾ ਖਾਤਮਾ ਕੀਤਾ ਜਾਵੇਗਾ : ਛਿੱਬਰ

ਅਮਲੋਹ, 1 ਫਰਵਰੀ (ਜਸਵੰਤ ਸਿੰਘ): ਉਪ ਪੁਲਿਸ ਕਪਤਾਨ ਰਾਜੇਸ਼ ਕੁਮਾਰ ਛਿੱਬਰ ਨੇ ਅੱਜ ਇਥੇ ਆਪਣਾ ਚਾਰਜ ਸੰਭਾਲ ਲਿਆ। ਇਸ ਮੌਕੇ ਦਫ਼ਤਰੀ ਸਟਾਫ, ਇਲਾਕੇ ਦੀਆਂ ਸਖਸ਼ੀਅਤਾਂ ਅਤੇ ਪੱਤਰਕਾਰ ਯੂਨੀਅਨ ਨੇ ਉਨ੍ਹਾਂ ਨੂੰ ਬੁੱਕਾ ਦੇ ਕੇ ਸਵਾਗਤ ਕਰਦੇ ਹੋਏ ਹਰ ਸੰਭਵ ਮਦਦ ਦਾ ਭਰੋਸਾ ਦਿਤਾ। ਪੱਤਰਕਾਰ ਭਾਈਚਾਰੇ ਵੱਲੋਂ ਪੰਜਾਬ ਚੰਡੀਗੜ੍ਹ ਜਨਰਲਿਸਟ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ, ਸ਼੍ਰੋਮਣੀ ਅਤੇ ਵੈਟਰਨ ਪੱਤਰਕਾਰ ਭੂਸ਼ਨ ਸੂਦ, ਅਮਲੋਹ ਯੂਨਿਟ ਦੇ ਪ੍ਰਧਾਨ ਰਜਨੀਸ਼ ਡੱਲਾ, ਸਰਪ੍ਰਸਤ ਸ਼ਾਸਤਰੀ ਗੁਰੂ ਦੱਤ ਸ਼ਰਮਾ, ਖਜਾਨਚੀ ਜਗਦੀਪ ਸਿੰਘ ਮਾਨਗੜ੍ਹ, ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਰਿਸ਼ੂ ਗੋਇਲ, ਮੀਤ ਪ੍ਰਧਾਨ ਸਵਰਨਜੀਤ ਸਿੰਘ ਸੇਠੀ, ਮਾਸਟਰ ਧਰਮ ਸਿੰਘ ਰਾਈਏਵਾਲ ਅਤੇ ਜਸਵੰਤ ਸਿੰਘ ਆਦਿ ਮੌਜੂਦ ਸਨ। ਪੱਤਰਕਾਰਾਂ ਨਾਲ ਗਲਬਾਤ ਕਰਦਿਆ ਸ੍ਰੀ ਛਿੱਬਰ ਨੇ ਕਿਹਾ ਕਿ ਉਹ ਕਿਸਮਤ ਵਾਲੇ ਹਨ ਕਿ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੀ ਲਸਾਨੀ ਕੁਰਬਾਨੀ ਵਾਲੇ ਸਬ ਡਵੀਜਨ ਅਮਲੋਹ ਵਿਚ ਉਨ੍ਹਾਂ ਨੂੰ ਸੇਵਾ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਅਤੇ ਜੁਰਮ ਦਾ ਖਾਤਮਾ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਲ ਨਹੀਂ ਆਉਂਣ ਦਿਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਬਾਰੇ ਕਿਸੇ ਵੀ ਸਮੇਂ ਉਨ੍ਹਾਂ ਦੇ ਮਾਮਲਾ ਧਿਆਨ ਵਿਚ ਲਿਆ ਸਕਦੇ ਹਨ। ਇਸ ਮੌਕੇ ਸ੍ਰੀ ਗੁਲਸ਼ਨ ਰਾਇ ਮੰਡੀ ਗੋਬਿੰਦਗੜ੍ਹ ਆਦਿ ਮੌਜੂਦ ਸਨ।

ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਇੱਕ ਵਿਅਕਤੀ ਜ਼ਖਮੀ

ਮੋਰਿੰਡਾ, 2 ਫਰਵਰੀ (ਨਿਹਾਲ ਸਿੰਘ ਕਲਸੀ/ਗੁਰਮੀਤ ਸਿੰਘ ਚੋਪੜਾ) : ਵਿਸ਼ਵਕਰਮਾ ਚੌਕ ਮੋਰਿੰਡਾ ਵਿਖੇ ਰਾਤੀਂ 10 ਵਜੇ ਦੇ ਕਰੀਬ ਐਕਸੀਡੈਂਟ ਹੋਣ ਨਾਲ ਇੱਕ ਵਿਆਕਤੀ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਮ੍ਰਿਤਕ ਤੇ ਉਸਦੇ ਸਾਥੀ ਜਨਮ ਦਿਨ ਦੀ ਪਾਰਟੀ ਸਮਾਗਮ ਤੋਂ ਆ ਰਹੇ ਸਨ, ਇਸ ਦੌਰਾਨ ਮੋਰਿੰਡਾ ਬੱਸ ਸਟੈਂਡ ਵੱਲੋਂ ਆ ਰਹੀ ਬਲੈਰੋ ਨੰਬਰ ਪੀ ਬੀ 87 7089 ਵਿਸ਼ਵਕਰਮਾ ਚੌਕ ਪਾਰ ਕਰਨ ਲੱਗੇ ਮੋਟਰਸਾਈਕਲ ਨੰਬਰ ਪੀ ਬੀ 87 0146 ਨਾਲ ਜਾ ਟਕਰਾਈ। ਜਿਸ ਕਾਰਨ ਮੋਟਰਸਾਈਕਲ ਸਵਾਰ ਤਿੰਨ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਦੇ ਮੌਕੇ ਤੇ ਮੌਤ ਹੋ ਗਈ ਇੱਕ ਵਿਅਕਤੀ ਜਖਮੀ ਹੋ ਗਿਆ। ਗੱਡੀ ਵਾਲਾ ਮੌਕੇ ਤੋਂ ਫਰਾਰ ਹੋ ਗਿਆ। ਇਸ ਮੌਕੇ ਤੇ ਪਹੁੰਚੇ ਪੁਲਿਸ ਮੁਲਾਜ਼ਮਾਂ ਨੇ ਸਰਕਾਰੀ ਹਸਪਤਾਲ ਮੋਰਿੰਡਾ ਤੋਂ ਐਂਬੂਲੈਂਸ ਮੰਗਵਾ ਕੇ ਉਹਨਾਂ ਨੂੰ ਹਸਪਤਾਲ ਲੈ ਗਏ। ਏ ਐਸ ਆਈ ਸੁਰਜੀਤ ਸਿੰਘ ਨੇ ਦੱਸਿਆ ਸ਼ਿਵ ਕੁਮਾਰ ਪੁੱਤਰ ਰਵੀਨੰਦਨ ਮੋਰਿੰਡਾ ਨੂੰ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕਰ ਦਿੱਤਾ ਜਦਕਿ ਰਾਮ ਚੰਦਰ ਪੁੱਤਰ ਸੁਭਾਸ਼ ਚੰਦਰ ਮੋਰਿੰਡਾ ਨੂੰ ਮੁਢਲੀ ਸਹਾਇਤਾ ਦੇਣ ਤੋਂ ਬਾਅਦ ਚੰਡੀਗੜ੍ਹ ਰੈਫਰ ਕਰ ਦਿੱਤਾ। ਮੌਕੇ 'ਤੇ ਪਹੁੰਚੀ ਪੁਲਿਸ ਵੱਲੋਂ ਗੱਡੀ ਡਰਾਈਵਰ ਦੀ ਭਾਲ ਅਤੇ ਇਸ ਸਬੰਧੀ ਜਾਂਚ ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਬੀਡੀਪੀਓ ਦਰਸ਼ਨ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਵਾਧੂ ਚਾਰਜ ਸੰਭਾਲਿਆ

ਸ੍ਰੀ ਅਨੰਦਪੁਰ ਸਾਹਿਬ, 1 ਫਰਵਰੀ (ਸੇਵਾ ਸਿੰਘ ਸਤਿੰਦਰਪਾਲ ਸਿੰਘ): ਦਰਸ਼ਨ ਸਿੰਘ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਨੂਰਪੁਰ ਬੇਦੀ ਵੱਲੋਂ ਅੱਜ ਬਲਾਕ ਸ੍ਰੀ ਅਨੰਦਪੁਰ ਸਾਹਿਬ ਦਾ ਵਾਧੂ ਚਾਰਜ ਬਤੌਰ ਬੀ.ਡੀ.ਪੀ.ਓ ਸੰਭਾਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਬੀਡੀਪੀਓ ਈਸ਼ਾਨ ਚੌਧਰੀ ਦੀ ਬਦਲੀ ਸਨੌਰ ਜਿਲ੍ਹਾ ਪਟਿਆਲਾ ਹੋ ਜਾਣ ਕਾਰਨ ਬੀਡੀਪੀਓ ਦਰਸ਼ਨ ਸਿੰਘ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਚਾਰਜ ਲੈਣ ਮੌਕੇ ਮੌਕੇ ਤੇ ਦਫਤਰ ਵਿੱਚ ਬੀਡੀਪੀਓ ਦਰਸ਼ਨ ਸਿੰਘ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਰਾਜ ਸਿੰਘ ਸੁਪਰਡੈਂਟ ਗਰੇਡ-2, ਜਗਤਾਰ ਸਿੰਘ ਪੰਚਾਇਤ ਅਫਸਰ, ਕੰਵਰ ਸਿੰਘ, ਬਲਰਾਮ ਸਿੰਘ, ਕ੍ਰਿਸ਼ਨ ਕੁਮਾਰ, ਤੇਜਿੰਦਰਪਾਲ ਸਿੰਘ, ਕਿਰਨਜੀਤ ਸਿੰਘ, ਅੰਕੁਸ਼ ਕੁਮਾਰ, ਗੁਰਮਿੰਦਰ ਸਿੰਘ, ਅਜੇ ਕੁਮਾਰ ਪੰਚਾਇਤ ਸਕੱਤਰ, ਹਰਿੰਦਰ ਸਿੰਘ ਵੀ.ਡੀ.ਓ, ਪ੍ਰੀਤਮ ਸਿੰਘ ਵੀ.ਡੀ.ਓ, ਵੈਭਵਕੀਰਤੀ ਸ਼ਰਮਾ, ਵਰੁਣ ਮਹਿਤਾ ਜੇ.ਈ., ਪ੍ਰਿੰਸ ਕੁਮਾਰ ਜੇ.ਈ., ਸਤਪਾਲ ਸੰਮਤੀ ਪਟਵਾਰੀ, ਸ਼ਮਿੰਦਰ ਪਾਲ ਸੰਮਤੀ ਕਲਰਕ, ਅਨੁਰਾਧਾ ਸਟੈਨੋ, ਅਨੁਰਾਗ ਈ.ਪੰਚਾਇਤ, ਬਲਵੀਰ ਕੌਰ ਈ.ਪੰਚਾਇਤ, ਪੰਕਜ ਸੈਣੀ ਏ.ਪੀ.ਓ, ਦੀਪਕ ਕੁਮਾਰ, ਸੁਰਿੰਦਰ ਸਿੰਘ ਲੇਖਾ ਕਲਰਕ, ਸਤਿੰਦਰਪਾਲ ਸਿੰਘ ਲੇਖਾਕਾਰ, ਕੁਲਵੰਤ ਸਿੰਘ ਡਰਾਇਵਰ, ਸੰਜੀਵ ਕੁਮਾਰ ਸੇਵਾਦਾਰ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

ਗੁਰੂ ਤੇਗ ਬਹਾਦਰ ਜੀ ਸੇਵਾ ਮਿਸ਼ਨ ਪੰਜਾਬ ਦੀ ਮੀਟਿੰਗ

ਮੋਰਿੰਡਾ, 1 ਫਰਵਰੀ (ਨਿਹਾਲ ਸਿੰਘ ਕਲਸੀ/ਗੁਰਮੀਤ ਸਿੰਘ ਚੋਪੜਾ) ਗੁਰੂ ਤੇਗ ਬਹਾਦਰ ਜੀ ਸੇਵਾ ਮਿਸ਼ਨ ਕਲਹੇੜੀ ਪੰਜਾਬ ਦੀ ਇਕ ਜ਼ਰੂਰੀ ਮੀਟਿੰਗ ਮਿਸ਼ਨ ਦੇ ਪ੍ਰਧਾਨ ਭਾਈ ਕੁਲਵਿੰਦਰ ਸਿੰਘ ਕਲਹੇੜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਫੌਜੀ ਨੇ ਦਸਿਆ ਕਿ ਇਸ ਸਮੇਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਉੱਘੇ ਸਮਾਜ ਸੇਵੀ ਭਾਈ ਤਲਵੀਰ ਸਿੰਘ ਕੋਮਲ ,ਯੂ ਐਸ ਏ ਨੂੰ ਗੁਰੂ ਤੇਗ ਬਹਾਦਰ ਜੀ ਸੇਵਾ ਮਿਸ਼ਨ ਪੰਜਾਬ ਦੇ ਚੇਅਰਮੈਨ ਨਿਯੁਕਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸੇਵਾ ਮਿਸ਼ਨ ਹੋਰ ਸਮਾਜ ਸੇਵੀ ਕੰਮਾਂ ਦੇ ਨਾਲ ਨਾਲ ਹਰ ਸਾਲ ਲੋੜਮੰਦ ਲੜਕੀਆਂ ਦੇ ਵਿਆਹ ਕਰਕੇ ਉਹਨਾਂ ਦੀ ਮੱਦਦ ਕਰਦੇ ਹਨ। ਭਾਈ ਤਲਵੀਰ ਸਿੰਘ ਯੂ ਐਸ ਏ ਵੀ ਅਜਿਹੇ ਕਾਰਜ ਅਪਣੇ ਤੌਰ ਤੇ ਕਰਦੇ ਰਹਿੰਦੇ ਹਨ। ਭਾਈ ਤਲਵੀਰ ਸਿੰਘ ਕੋਮਲ ਨੇ ਇਸ ਨਿਯੁਕਤੀ ਤੇ ਮਾਣ ਮਹਿਸੂਸ ਕਰਦਿਆਂ ਆਖਿਆ ਕਿ ਉਹ ਹੁਣ ਸੇਵਾ ਮਿਸ਼ਨ ਦਾ ਹਿੱਸਾ ਬਣਕੇ ਲੋੜਮੰਦਾਂ ਦੀ ਮੱਦਦ ਕਰਕੇ ਅਸਲੀ ਦੇਸ਼ ਸੇਵਾ ਕਰਨਗੇ। ਜਨਰਲ ਸਕੱਤਰ ਨੇ ਅੱਗੇ ਦੱਸਿਆ ਕਿ ਸੇਵਾ ਮਿਸ਼ਨ ਵਲੋਂ 18,19 ਫਰਵਰੀ 2024 ਨੂੰ ਲੋੜਮੰਦ ਪ੍ਰੀਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਨਗੇ। ਇਸ ਲਈ ਤਿਆਰੀਆਂ ਜਾਰੀ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਵੰਤ ਸਿੰਘ ਦਾਤਾਰਪੁਰ, ਭਾਈ ਸਤਨਾਮ ਸਿੰਘ ਐਡਵੋਕੇਟ, ਭਾਈ ਦਵਿੰਦਰ ਸਿੰਘ ਭੱਟੀ, ਭਾਈ ਸਤਨਾਮ ਸਿੰਘ ਸੱਤਾ, ਭਾਈ ਗਗਨਪ੍ਰੀਤ ਸਿੰਘ ਅਤੇ ਲਵਪ੍ਰੀਤ ਸਿੰਘ ਲਵਲੀ ਆਦਿ ਅਹੁਦੇਦਾਰ ਹਾਜ਼ਰ ਸਨ।

ਸਿਹਤ ਵਿਭਾਗ ਨੇ ਜਾਗਰੂਕਤਾ ਸਮੱਗਰੀ ਕੀਤੀ ਜਾਰੀ

ਫਰੀਦਕੋਟ, 1 ਫਰਵਰੀ (ਗੁਰਦੀਪ ਸਿੰਘ ਢਿੱਲੋਂ): ਸਿਹਤ ਵਿਭਾਗ ਫਰੀਦਕੋਟ ਵੱਲੋਂ ਡਾ. ਮਨਿੰਦਰ ਪਾਲ ਸਿੰਘ ਸਿਵਲ ਸਰਜਨ ਫਰੀਦਕੋਟ ਦੀ ਅਗਵਾਈ ਹੇਠ 5 ਫਰਵਰੀ 2024 ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਦਫਤਰ ਸਿਵਲ ਸਰਜਨ ਫਰੀਦਕੋਟ ਵਿਖੇ ਜਾਗਰੂਕਤਾ ਸਮੱਗਰੀ ਜਾਰੀ ਕੀਤੀ ਗਈ।

ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਮਨਿੰਦਰ ਪਾਲ ਸਿੰਘ ਨੇ ਦੱਸਿਆ ਕਿ ਮਿਤੀ 5 ਫਰਵਰੀ 2024 ਨੂੰ ਜਿਲ੍ਹੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ, ਆਂਗਣਵਾੜੀ ਸੈਂਟਰ ਅਤੇ ਸਕੂਲ ਨਾ ਜਾਣ ਵਾਲੇ 1 ਤੋਂ 19 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਐਲਬੈਂਡਾਜੋਲ ਦੀ ਖੁਰਾਕ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਜੇਕਰ ਕਿਸੇ ਕਾਰਨ ਕੋਈ ਬੱਚਾ ਇਸ ਦਿਨ ਖੁਰਾਕ ਨਹੀਂ ਲੈਂਦਾ ਤਾਂ ਬਾਕੀ ਰਹਿੰਦੇ ਬੱਚਿਆਂ ਨੂੰ ਮੋਪਅੱਪ ਰਾਊਂਡ ਵਾਲੇ ਦਿਨ ਮਿਤੀ 12 ਫਰਵਰੀ ਨੂੰ ਖੁਰਾਕ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਪੇਟ ਦੇ ਕੀੜਿਆਂ ਤੋਂ ਮੁਕਤੀ ਲਈ ਇਹ ਖੁਰਾਕ ਬੱਚਿਆਂ ਲਈ ਬਹੁਤ ਜਰੂਰੀ ਹੈ। ਕਿਉਂਕਿ ਪੇਟ ਦੇ ਕੀੜੇ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਰੁਕਾਵਟ ਪਾਉਂਦੇ ਹਨ। ਉਹਨਾਂ ਕਿਹਾ ਇਸ ਮੁਹਿਮ ਨੂੰ ਸਫਲ ਬਣਾਉਣ ਲਈ ਇਸਤਰੀ ਅਤੇ ਸਮਾਜਿਕ ਸੁਰੱਖਿਆ ਵਿਭਾਗ, ਸਿੱਖਿਆ ਵਿਭਾਗ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਵੀ ਲਈ ਜਾਵੇਗੀ।

ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਚੰਦਰ ਸ਼ੇਖਰ ਕੱਕੜ, ਡਾ. ਹਰਿੰਦਰ ਗਾਂਧੀ, ਡਾ. ਪਰਮਜੀਤ ਸਿੰਘ ਬਰਾੜ, ਡਾ. ਸੰਦੀਪ ਸਿੰਗਲਾ, ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੰਤ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ, ਸਕੂਲ ਹੈਲਥ ਕੁਆਰਡੀਨੇਟਰ ਸੰਦੀਪ ਕੁਮਾਰ, ਤਿਰਲੋਕ ਸਿੰਘ ਆਦਿ ਹਾਜ਼ਰ ਸਨ।

ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਪ੍ਰਤਿਭਾ ਨਿਖਾਰਨ ਲਈ ਬਲਾਕ ਪੱਧਰੀ ਵੱਖ-ਵੱਖ ਮੁਕਾਬਲੇ ਕਰਵਾਏ ਗਏ

ਮੋਰਿੰਡਾ, 1 ਫਰਵਰੀ (ਗੁਰਮੀਤ ਸਿੰਘ ਚੋਪੜਾ/ਨਿਹਾਲ ਸਿੰਘ ਕਲਸੀ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਾਜ ਪੁਰ ਵਿਖੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਪ੍ਰਤਿਭਾ ਨਿਖਾਰਨ ਲਈ ਬਲਾਕ ਪੱਧਰੀ ਵੱਖ ਵੱਖ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਸੁਰਿੰਦਰ ਕੁਮਾਰ ਘਈ ਬੀ ਐਨ ਓ ਮੋਰਿੰਡਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਬਲਾਕ ਦੇ ਵੱਖ ਵੱਖ ਸਕੂਲਾਂ ਨੇ ਭਾਗ ਲਿਆ ਸਕੂਲ ਮੈਨੇਜਮੈਂਟ ਕਮੇਟੀ ਤਾਜਪੁਰ ਦੇ ਚੇਅਰਮੈਨ ਗੁਰਮੇਲ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੋਏ ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਪਰਦੀਪ ਕੁਮਾਰ ਸ਼ਰਮਾ, ਅਜੇ ਅਰੋੜਾ , ਕਮਲਜੀਤ ਸਿੰਘ ਕਾਈਨੌਰ , ਜਸਬੀਰ ਸਿੰਘ ਸ਼ਾਂਤਪੁਰੀ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਭਾਸ਼ਣ ਪ੍ਰਤੀਯੋਗਤਾ ਸੈਕੰਡਰੀ ਵਿੰਗ ਵਿੱਚ ਸਕੂਲ ਆਫ ਐਮੀਨੈਂਸ ਮੋਰਿੰਡਾ ਨੇ ਪਹਿਲਾ , ਢੰਗਰਾਲੀ ਨੇ ਦੂਜਾ ਅਤੇ ਤਾਜਪੁਰ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਲੈਕਚਰਾਰ ਕੰਚਨ ਬਾਲਾ ਤਾਜ ਪੁਰ, ਚਰਨਜੀਤ ਕੌਰ ਤਾਜਪੁਰ , ਗੁਰਿੰਦਰਜੀਤ ਸਿੰਘ ਮਾਨ, ਗੁਰਪ੍ਰੀਤ ਸਿੰਘ, ਗੁਰਤੇਜ ਸਿੰਘ, ਇੰਦਰਜੀਤ ਸਿੰਘ ਕਲਰਕ, ਆਤਮਜੀਤ ਕੌਰ ਮੋਰਿੰਡਾ, ਸੁਮਨਦੀਪ ਕੌਰ ਸਲੇਮਪੁਰ, ਛਵੀ ਬਲਾਂ ਕਲਾਂ, ਅਸ਼ਵਨੀ ਕੁਮਾਰ ਸ਼ਰਮਾ ਕਕਰਾਲੀ, ਰਮਨਦੀਪ ਕੌਰ ਕਾਈਨੌਰ, ਅੰਜੂ ਭਨੋਟ ਕਲਾਰਾਂ, ਅਮਨਦੀਪ ਕੌਰ ਡੂਮਛੇੜੀ, ਕਿਰਨਜੀਤ ਕੌਰ ਦੁੰਮਣਾ ,ਵਰਿੰਦਰਪਾਲ ਕੌਰ ਮੜੌਲੀ ਕਲਾਂ, ਜੋਤੀ ਸਿੰਘ ਤਾਜ ਪੁਰ, ਸਤਵਿੰਦਰ ਸਿੰਘ ਬਾਜਵਾ, ਦਿਨੇਸ਼ ਕੁਮਾਰ ਰਤਨਗੜ੍ਹ, ਕਮਲਜੀਤ ਸ਼ਰਮਾ ਰਤਨਗੜ, ਸਿਮਰਨਜੀਤ ਕੌਰ ਮੋਰਿੰਡਾ, ਪਾਇਲ ਜੈਨ ਮੋਰਿੰਡਾ, ਪ੍ਰੀਤੀ ਬਾਲਾ ਚਤਾਮਲੀ , ਅਮਰਜੀਤ ਕੌਰ ਢੰਗਰਾਲੀ, ਰੁਬਨੀਸ਼ ਕੌਰ ਬਮਨਾੜਾ, ਅਵਤਾਰ ਸਿੰਘ ਬਹਿਡਾਲੀ , ਸ਼ਮਿੰਦਰ ਸਿੰਘ ਰੰਗੀਆਂ, ਰੁਪਿੰਦਰਪਾਲ ਸਿੰਘ ਚਤਾਮਲਾ , ਸੋਹਣ ਸਿੰਘ ਤਾਜਪੁਰ, ਰਮਨਦੀਪ ਕੌਰ ਤਾਜਪੁਰ, ਪਲਵਿੰਦਰ ਕੌਰ ਧਨੌਰੀ, ਕ੍ਰਿਸ਼ਨਾ ਰਾਣੀ ਸੇਤਲ ਬਾਬਾ, ਰਵਿੰਦਰਪਾਲ ਸਿੰਘ ਢੰਗਰਾਲੀ, ਰਾਜਿੰਦਰ ਕੁਮਾਰ ਖੁਰਾਣਾ, ਆਦਿ ਹਾਜ਼ਰ ਸਨ।

ਦਸਮੇਸ਼ ਗਲੋਬਲ ਸਕੂਲ ਦੀ ਵਿਦਿਆਰਥਣ ਕ੍ਰਿਸ਼ਨੂਰ ਕੌਰ ਨੇ ਲੋਕ-ਨਾਚ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ



ਬਰਗਾੜੀ, 1 ਫਰਵਰੀ (ਗੁਰਦੀਪ ਸਿੰਘ ਢਿੱਲੋਂ): ਡਾਂਸ ਸਪੋਰਟਸ ਕੌਂਸਲ ਆਫ਼ ਇੰਡੀਆ ਅਤੇ ਡਾਂਸ ਸਪੋਰਟਸ ਕੌਂਸਲ ਆਫ ਪੰਜਾਬ ਵੱਲੋਂ ਸਟੇਟ ਲੈਵਲ ਡਾਂਸ ਕੰਪੀਟੀਸ਼ਨ ਉਮਰ ਵਰਗ 8 ਸਾਲ ਤੋਂ 15 ਸਾਲ ਤੱਕ ਮਿਤੀ 28 ਜਨਵਰੀ 2024 ਨੂੰ ਮੋਗਾ ਵਿਖੇ ਕਰਵਾਇਆ ਗਿਆ, ਜਿਸ ਵਿੱਚ ਦਸਮੇਸ਼ ਗਲੋਬਲ ਸਕੂਲ ਬਰਗਾੜੀ ਦੀ ਵਿਦਿਆਰਥਣ ਕ੍ਰਿਸ਼ਨੂਰ ਕੌਰ ਨੇ ਲੋਕ-ਨਾਚ ਵਿੱਚ ਹਿੱਸਾ ਲਿਆ ਅਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਿਆ ਹੋਇਆ ਇਸ ਡਾਂਸ ਕੰਪੀਟੀਸ਼ਨ ਵਿੱਚ ਦੂਸਰਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾ ਰੌਸ਼ਨ ਕੀਤਾ। ਡਾਂਸ ਸਪੋਰਟਸ ਕੌਂਸਲ ਆਫ਼ ਇੰਡੀਆ ਅਤੇ ਡਾਂਸ ਸਪੋਰਟਸ ਕੌਂਸਲ ਆਫ ਪੰਜਾਬ ਵੱਲੋਂ ਵਿੱਦਿਆਰਥਣ ਕ੍ਰਿਸ਼ਨੂਰ ਕੌਰ ਨੂੰ ਟਰਾਫੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਅਜੇ ਸ਼ਰਮਾ ਨੇ ਵਿੱਦਿਆਰਥਣ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਵੀ ਵਧੀਆ ਕਰਨ ਲਈ ਉਤਸ਼ਾਹਿਤ ਕੀਤਾ।

ਜਨਤਕ ਸੂਚਨਾ

ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਧਿਕਾਰੀ, ਯੂਟੀ, ਚੰਡੀਗੜ੍ਹ

ਵਿਸ਼ਾ :- ਸਵਰਗੀ ਦਮਨ ਚੋਪੜਾ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ 25.00% ਹਿੱਸੇ ਤੱਕ ਉਦਯੋਗਿਕ ਪਲਾਟ ਨੰ. 108, ਇੰਡਸਟ੍ਰੀਅਲ ਏਰੀਆ-1, ਚੰਡੀਗੜ੍ਹ (ਫਿ.114) ਦੇ ਸਬੰਧ ਵਿਚ ਮਲਕੀਅਤ ਦਾ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ੍ਰੀ/ਸ੍ਰੀਮਤੀ ਦਮਨ ਚੋਪੜਾ 25.00% ਹਿੱਸੇ ਤੱਕ ਉਦਯੋਗਿਕ ਪਲਾਟ ਨੰ. 108, ਇੰਡਸਟ੍ਰੀਅਲ ਏਰੀਆ-1, ਚੰਡੀਗੜ੍ਹ ਦੇ ਮਾਲਕ/ਪਟੇਦਾਰ ਹਨ।

ਜਿਤੇਂਦ ਚੋਪੜਾ, ਜਯੰਤੀ ਚੋਪੜਾ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਸ੍ਰੀ/ਸ੍ਰੀਮਤੀ ਦਮਨ ਚੋਪੜਾ ਦੀ 24.08.2018 ਨੂੰ ਮੌਤ ਹੋ ਗਈ ਹੈ ਅਤੇ ਉਸ/ਉਨ੍ਹਾਂ ਨੇ ਮ੍ਰਿਤਕ ਮਾਲਕ/ਪਟੇਦਾਰ ਦੇ ਨਿਮਨਲਿਖਤ ਕਾਨੂੰਨੀ ਵਾਰਸਾਂ ਬਾਰੇ ਵੀ ਸੂਚਿਤ ਕੀਤਾ ਹੈ:-

ਲ. ਨੰ.	ਕਾਨੂੰਨੀ ਵਾਰਸ ਦਾ ਨਾਮ	ਮ੍ਰਿਤਕ ਨਾਲ ਰਿਸ਼ਤਾ
1	ਸੰਦੀਪ ਚੋਪੜਾ	ਸਪੁੱਤਰ (ਮ੍ਰਿਤਕ)
2	ਜਯੰਤੀ ਚੋਪੜਾ	ਨੂੰਹ
3	ਮੁਸਕਾਨ ਚੋਪੜਾ	ਪੋਤਰੀ
4	ਜਿਤੇਂਦ ਚੋਪੜਾ	ਸਪੁੱਤਰ
5	ਮ੍ਰਿਦੁਲ ਚੋਪੜਾ	ਪੋਤਰਾ
6	ਪਲਕ ਟੰਡਨ	ਪੋਤਰੀ
7	ਸੁਲੇਨਾ ਰੋੜਾ	ਸਪੁੱਤਰੀ

ਹੁਣ, ਜਿਤੇਂਦ ਚੋਪੜਾ, ਜਯੰਤੀ ਚੋਪੜਾ ਵੱਲੋਂ ਉਦਯੋਗਿਕ ਪਲਾਟ ਨੰ. 108, ਇੰਡਸਟ੍ਰੀਅਲ ਏਰੀਆ-1, ਚੰਡੀਗੜ੍ਹ ਦੇ 25.00% ਦੇ ਹਿਸਾਬ ਤੇ ਜੋ ਸਵਰਗੀ ਦਮਨ ਚੋਪੜਾ ਦੇ ਨਾਮ ਵਿਚ ਹੈ, ਦੀ ਰਜਿਸਟਰਡ ਵਸੀਅਤ ਮਿਤੀ 31.12.2015 ਦੇ ਆਧਾਰ 'ਤੇ ਉਕਤ ਨਾਵਾਂ ਦੇ ਪੱਖ ਵਿਚ ਤਬਦੀਲ ਕਰਨ ਲਈ ਬਿਨੈ ਕੀਤਾ ਹੈ। [illegible]

ਜੇਕਰ ਕਿਸੇ ਵੀ ਵਿਅਕਤੀ ਨੂੰ [illegible] 30 ਦਿਨਾਂ ਦੇ ਅੰਦਰ [illegible]

ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਧਿਕਾਰੀ, ਅਸਟੇਟ ਅਧਿਕਾਰੀ, ਯੂਟੀ, ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ

SBI ਸਟੇਟ ਬੈਂਕ ਆਫ ਇੰਡੀਆ

ਸਟਰੈਸਡ ਐਸੇਟਸ ਵਸੂਲੀ ਸ਼ਾਖਾ

ਐਸਸੀਓ 15, ਦੂਜੀ ਮੰਜ਼ਿਲ ਸੈਕਟਰ 7ਸੀ, ਮੱਧਿਆ ਮਾਰਗ, ਚੰਡੀਗੜ੍ਹ, ਫੋਨ: 0172-4568251, 4174053 E-mail: sbi.05179@sbi.co.in

[ਨਿਯਮ (8-1)] ਕਬਜ਼ਾ ਸੂਚਨਾ (ਅਚੱਲ ਸੰਪਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ) ਅਤੇ ਜਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜਾਮਨ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13(4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ(ਾਂ)/ਜਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਸਟੇਟ ਬੈਂਕ ਆਫ ਇੰਡੀਆ ਦੇ ਚਾਰਜ ਨਾਲ ਸੰਬੰਧਤ ਹੋਵੇਗੀ।

ਕਰਜ਼ਦਾਰ (ਾਂ) ਅਤੇ ਜਾਮਨ (ਾਂ) ਦੇ ਨਾਮ	ਅਚੱਲ ਸੰਪੱਤੀ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ ਅਤੇ ਰਕਮ	ਬਕਾਇਆ ਰਕਮ	ਕਬਜ਼ੇ ਦੀ ਮਿਤੀ
ਕਰਜ਼ਦਾਰ (ਾਂ) :- (1) ਸ੍ਰੀ ਪ੍ਰਦੀਪ ਕੁਮਾਰ ਬੈਂਧਣ ਸਪੁੱਤਰ ਸ੍ਰੀ ਅਨੰਤ ਰਾਮ, ਮਕਾਨ ਨੰ. 129-ਏ, ਜ਼ਮੀਨੀ ਤਲ, ਐਸਬੀਪੀ ਹੋਮਜ਼, ਛੱਜੂਮਾਜਰਾ, ਖਰੜ, ਐਸਏਐਸ ਨਗਰ (ਮੋਹਾਲੀ)-140301, (2) ਸ੍ਰੀ ਪ੍ਰਦੀਪ ਕੁਮਾਰ ਬੈਂਧਣ ਸਪੁੱਤਰ ਸ੍ਰੀ ਅਨੰਤ ਰਾਮ ਮਕਾਨ ਨੰ. 33-ਸੀ, ਦੂਜੀ ਮੰਜ਼ਿਲ, ਐਸਬੀਪੀ ਹੋਮਜ਼, ਛੱਜੂਮਾਜਰਾ, ਖਰੜ, ਐਸਏਐਸ ਨਗਰ (ਮੋਹਾਲੀ)-140301 (3) ਸ੍ਰੀਮਤੀ ਸ਼ਿਵਾ ਬੈਂਧਣ ਸੁਪਤਨੀ ਸ੍ਰੀ ਪ੍ਰਦੀਪ ਕੁਮਾਰ ਬੈਂਧਣ, ਮਕਾਨ ਨੰ. 129-ਏ, ਜ਼ਮੀਨੀ ਤਲ, ਐਸਬੀਪੀ ਹੋਮਜ਼, ਛੱਜੂਮਾਜਰਾ, ਖਰੜ, ਐਸਏਐਸ ਨਗਰ (ਮੋਹਾਲੀ)-140301 (4) ਸ੍ਰੀਮਤੀ ਸ਼ਿਵਾ ਬੈਂਧਣ ਸੁਪਤਨੀ ਸ੍ਰੀ ਪ੍ਰਦੀਪ ਕੁਮਾਰ ਬੈਂਧਣ, ਮਕਾਨ ਨੰ. 33-ਸੀ, ਦੂਜੀ ਮੰਜ਼ਿਲ, ਐਸਬੀਪੀ ਹੋਮਜ਼, ਛੱਜੂਮਾਜਰਾ, ਖਰੜ, ਐਸਏਐਸ ਨਗਰ (ਮੋਹਾਲੀ)-140301	ਸੰਪੱਤੀ ਨੰ. 1 :- ਵਿਕਰੀ ਡੀਡ ਨੰਬਰ 1846 ਮਿਤੀ 17.06.2014 ਦੇ ਅਧੀਨ ਫਲੈਟ ਨੰ. 33-ਸੀ, ਦੂਜੀ ਮੰਜ਼ਿਲ, ਐਸਬੀਪੀ ਹੋਮਜ਼, ਛੱਜੂਮਾਜਰਾ, ਖਰੜ। ਸੰਪੱਤੀ ਨੰ. 2 :- ਵਿਕਰੀ ਡੀਡ ਨੰਬਰ 6808 ਮਿਤੀ 02.02.2015 ਦੇ ਅਧੀਨ ਫਲੈਟ ਨੰ. 129-ਏ, ਜ਼ਮੀਨੀ ਤਲ, ਐਸਬੀਪੀ ਹੋਮਜ਼, ਛੱਜੂਮਾਜਰਾ, ਖਰੜ। ਨੋਟ :- ਇਹ ਸੂਚਨਾ ਸਰਫਾਇਸੀ ਐਕਟ ਦੇ ਅਧੀਨ ਪਿਛਲੀ ਕਬਜ਼ਾ ਸੂਚਨਾ (ਵਾਂ) 13 (4) ਦੀ ਥਾਂ 'ਤੇ ਜਾਰੀ ਕੀਤੀ ਜਾਂਦੀ ਹੈ।	18.10.2023 & Rs. 32,47,385.14	Rs. 32,47,385.14 18.10.2023 ਦੇ ਅਨੁਸਾਰ ਅਤੇ ਇਸ ਉਪਰੰਤ ਲਾਗੂ ਅਗਲੇਰੀ ਖਰਚਿਆਂ, ਲਾਗਤਾਂ, ਫੀਸਾਂ ਆਦਿ ਸਮੇਤ ਉਕਤ ਦਰਸਾਈ ਰਕਮ 'ਤੇ ਠੇਕਾ ਦਰ 'ਤੇ 19.10.2023 ਤੋਂ ਵਿਆਜ, ਮਨਫੀ ਪੁਨਰ ਭੁਗਤਾਨ, ਜੇਕਰ ਕੋਈ ਹੈ।	30.01.2024

ਮਿਤੀ : 01.02.2024 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

ਆਦਿਤਯ ਬਿਰਲਾ ਫਾਇਨਾਂਸ ਲਿਮਟਿਡ

ADITYA BIRLA CAPITAL

ਰਜਿਸਟਰਡ ਦਫ਼ਤਰ : ਇੰਡੀਅਨ ਰੇਅਨ ਕੰਪਾਊਂਡ, ਵੇਰਾਵਲ, ਗੁਜਰਾਤ-362266

ਕਾਰਪੋਰੇਟ ਦਫ਼ਤਰ : 10ਵੀਂ ਮੰਜ਼ਿਲ, ਆਰ ਟੇਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਂਵ (ਪੂਰਬ) ਮੁੰਬਈ-400063, ਮਹਾਰਾਸ਼ਟਰ

ਕਬਜ਼ਾ ਸੂਚਨਾ [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦਾ ਨਿਯਮ 8 (1) ਦੇਖੋ]

ਜਿਥੇ ਕਿ, ਨਿਮਨ ਹਸਤਾਖਰੀ ਨੇ ਆਦਿਤਯ ਬਿਰਲਾ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਦਰਸਾਈ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰਾਂ (ਨਾਮ ਅਤੇ ਪਤੇ ਹੇਠਾਂ ਦਰਸਾਏ) ਵਜੋਂ ਤੁਹਾਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ। ਨਿਮਨ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਆਦਿਤਯ ਬਿਰਲਾ ਫਾਇਨਾਂਸ ਲਿਮਟਿਡ ਦੇ ਚਾਰਜ ਨਾਲ ਸੰਬੰਧਤ ਹੋਵੇਗੀ। ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ 8 ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

ਲ. ਨੰ.	ਕਰਜ਼ਦਾਰ (ਾਂ) ਦਾ ਨਾਮ	ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ	ਅਚੱਲ ਸੰਪੱਤੀ ਦੇ ਵੇਰਵੇ (ਗਿਰਵੀ ਸੰਪਤੀਆਂ)	ਕਬਜ਼ੇ ਦੀ ਮਿਤੀ
1	1. ਸ੍ਰੀ ਪ੍ਰਦਿੰਦਰ ਸਿੰਘ ਸਪੁੱਤਰ ਸੁਖਵਿੰਦਰ ਸਿੰਘ 2. ਸ੍ਰੀ ਅਜਮੇਰ ਸਿੰਘ ਸਪੁੱਤਰ ਸੁਖਵਿੰਦਰ ਸਿੰਘ 3. ਸ੍ਰੀਮਤੀ ਕੁਲਵਿੰਦਰ ਸਿੰਘ ਸੁਪਤਨੀ ਪ੍ਰਦਿੰਦਰ ਸਿੰਘ LAN : ABFLJALDS0000133684	ਡਿਮਾਂਡ ਮਿਤੀ 15.11.2023 ₹ 41,73,129.26 as on 15.11.2023	ਖਸਰਾ ਨੰ. 25//21/3, 25//22/2, 40//1/2, 40//4/1, 40//4/2, 40//7, 40//8/2, 40//9, 40//12/2, 40//13, 40//14, 40//2, 40//3, 40//8/1 ਵਿਚ ਸਰਨਾਣਾ, ਜਲੰਧਰ ਵਿਖੇ 29 ਮਰਲੇ 62 ਵਰਗ ਫੁੱਟ ਮਾਪ ਵਾਲੀ ਜ਼ਮੀਨ ਅਤੇ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ : ਪੂਰਬ : ਸਤਨਾਮ ਸਿੰਘ ਦੀ ਖੇਤੀਬਾੜੀ ਜ਼ਮੀਨ, ਪੱਛਮ : ਸੜਕ, ਉੱਤਰ : ਦਿਲਬਾਗ ਸਿੰਘ, ਦੱਖਣ : ਦਿਲਬਾਗ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ।	29.01.2024 (ਸੰਕੇਤਕ ਕਬਜ਼ਾ)

ਸਥਾਨ : ਜਲੰਧਰ, ਪੰਜਾਬ

ਮਿਤੀ : 02.02.2024

ਸਹੀ/- ਅਧਿਕਾਰਤ ਅਧਿਕਾਰੀ ਆਦਿਤਯ ਬਿਰਲਾ ਫਾਇਨਾਂਸ ਲਿਮਟਿਡ